## ਇੰਜੀਨੀਅਰ: ਸੰਜੀਵ ਗੁਪਤਾ, ਫਸਟ ਅਪੀਲੈਂਟ ਅਥਾਰਟੀ ਕਮ ਨਿਗਰਾਨ ਇੰਜੀਨੀਅਰ, ਜਲ ਨਿਕਾਸ ਉਸਾਰੀ ਸਰਕਲ, ਹਲਕਾ, ਫਿਰੋਜ਼ਪੁਰ ਦੀ ਅਦਾਲਤ ਵਿੱਚ

ਵਿਸ਼ਾ:- ਫਸਟ ਅਪੀਲ ਅਧੀਨ ਆਰ.ਟੀ.ਆਈ. ਐਕਟ, 2005 ਸ੍ਰੀ ਗੁਰਮੀਤ ਸਿੰਘ ਪੁੱਤਰ ਸ੍ਰੀ ਲਾਲ ਸਿੰਘ ਵਾਸੀ ਪਿੰਡ ਕਿੱਕਰ ਖੇੜਾ ਤਹਿ : ਅਬੋਹਰ, ਜ਼ਿਲ੍ਹਾ ਫਾਜ਼ਿਲਕਾ।

ਸ੍ਰੀ ਗੁਰਮੀਤ ਸਿੰਘ ਪੁੱਤਰ ਸ੍ਰੀ ਲਾਲ ਸਿੰਘ ਵਾਸੀ ਪਿੰਡ ਕਿੱਕਰ ਖੇੜਾ ਤਹਿ: ਅਬੋਹਰ, ਜ਼ਿਲ੍ਹਾਂ ਫਾਜ਼ਿਲਕਾ ਵੱਲੋਂ ਇਸ ਦਫਤਰ ਵਿੱਚ ਪਬਲਿਕ ਸੂਚਨਾਂ ਅਫਸਰ ਕਮ- ਕਾਰਜਕਾਰੀ ਇੰਜੀਨੀਅਰ, ਜਲ ਨਿਕਾਸ ਉਸਾਰੀ ਮੰਡਲ, ਫਿਰੋਜ਼ਪੁਰ ਐਟ ਫਾਜ਼ਿਲਕਾ ਤੋਂ ਮੰਗੀ ਗਈ ਸੂਚਨਾਂ ਨਾ ਦੇਣ ਕਾਰਣ ਬਤੌਰ ਫਸਟ ਅਪੀਲੈਂਟ ਅਥੋਰਟੀ ਹੋਣ ਦੇ ਨਾਤੇ ਅਪੀਲ ਦਾਇਰ ਕੀਤੀ। ਇਸ ਅਪੀਲ ਦੇ ਨਿਪਟਾਰੇ ਲਈ ਸਬੰਧਿਤ ਪਬਲਿਕ ਸੂਚਨਾਂ ਅਫਸਰ, ਪ੍ਰਾਰਥੀ ਨੂੰ ਹਾਜ਼ਰ ਹੋਣ ਲਈ ਪੱਤਰ ਨੰਬਰ 3099-3102/2 ਆਰ/ਆਰ.ਟੀ.ਆਈ/ਵਰਕਸ ਮਿਤੀ 23-8-18 ਰਾਹੀਂ ਮਿਤੀ 29-08-2018 ਰੱਖੀ ਗਈ। ਇਸ ਮਿਤੀ ਨੂੰ ਪ੍ਰਾਰਥੀ ਅਤੇ ਪਬਲਿਕ ਸੂਚਨਾਂ ਅਫਸਰ ਹਲਕਾ ਦਫਤਰ ਹਾਜਰ ਹੋਏ ਅਤੇ ਪੀ.ਆਈ.ਓ ਵੱਲੋਂ ਦੱਸਿਆ ਗਿਆ ਕੀ ਇਹ ਸੂਚਨਾਂ ਤੀਜੀ ਧਿਰ ਨਾਲ ਸਬੰਧਿਤ ਹੋਣ ਕਾਰਨ ਨਹੀਂ ਦਿੱਤੀ ਗਈ। ਇਸ ਤੋਂ ਇਲਾਵਾ (Varsha Construction Company) ਪਾਰਟਨਰ ਸ੍ਰੀ ਵਨੀਤ ਝਾਂਬ ਜੈਨ ਨਗਰੀ ਅਬੋਹਰ ਵੱਲੋਂ ਇਸ ਦਫਤਰ ਨੂੰ ਉਹਨਾ ਦੇ ਪੱਤਰ ਨੰਬਰ 40 ਆਰ.ਟੀ.ਆਈ/ (ਜਨਰਲ) ਮਿਤੀ 27-08-2018 (ਈ-ਮੇਲ ਰਾਹੀਂ ਪ੍ਰਾਪਤ ਹੋਈ) ਆਰ.ਟੀ.ਆਈ ਐਕਟ ਦੀ ਧਾਰਾ 8(i)(d) & (g) ਦੇ ਤਹਿਤ ਉਹਨਾਂ ਦੀ ਸੂਚਨਾਂ ਨਿੱਜੀ ਹੋਣ ਕਾਰਨ ਨਾ ਦੇਣ ਅਤੇ ਅਪੀਲ ਦਾ ਫੈਸਲਾ ਕਰਨ ਵੇਲੇ ਉਹਨਾਂ ਨੂੰ ਉਹਨਾਂ ਦੀ ਪ੍ਰਤੀ ਬੇਨਤੀ ਨੂੰ ਧਿਆਨ ਵਿੱਚ ਰੱਖਿਆ ਜਾਣ ਬਾਰੇ ਲਿਖਿਆ ਗਿਆ ਹੈ। ਇਸ ਸਬੰਧ ਵਿੱਚ ਪੱਤਰ ਨੰਬਰ 3237-40/2 ਆਰ/ਆਰ.ਟੀ.ਆਈ /ਵਰਕਸ ਮਿਤੀ 29-8-18 ਰਾਹੀਂ ਅਗਲੀ ਸੁਣਵਾਈ ਦੀ ਮਿਤੀ 10-09-2018 ਨਿਸ਼ਚਿਤ ਕੀਤੀ ਗਈ, ਪ੍ਰੰਤੂ ਇਸ ਮਿਤੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਉਤਸਵ ਦੀ ਸਰਕਾਰ ਵੱਲੋਂ ਜਨਤਕ ਛੁੱਟੀ ਕਰ ਦਿੱਤੀ ਗਈ ਅਤੇ ਪੱਤਰ ਨੰਬਰ 3382-85/2 ਆਰ/ਆਰ.ਟੀ.ਆਈ/ਵਰਕਸ ਮਿਤੀ 11-9-18 ਰਾਹੀਂ ਅਗਲੀ ਸੁਣਵਾਈ ਦੀ ਮਿਤੀ 21-09-2018 ਨਿਸ਼ਚਿਤ ਕੀਤੀ ਗਈ।

ਮਿਤੀ 21-09-2018 ਨੂੰ ਇਸ ਦਫਤਰ ਵਿੱਚ ਪ੍ਰਾਰਥੀ ਹਾਜ਼ਰ ਹੋਇਆ ਅਤੇ ਪੀ.ਆਈ.ਓ ਕਮ-ਕਾਰਜਕਾਰੀ ਇੰਜੀਨੀਅਰ, ਜਲ ਨਿਕਾਸ ਉਸਾਰੀ ਮੰਡਲ, ਫਿਰੋਜ਼ਪੁਰ ਐਟ ਫਾਜ਼ਿਲਕਾ ਵੱਲੋਂ ਨਿਮਨ ਹਸਤਾਖਰ ਨੂੰ ਫੋਨ ਤੇ ਦੱਸਿਆ ਕਿ ਉਹਨਾਂ ਦੀ ਇਲੈਕਸ਼ਨ ਡਿਉਟੀ ਲੱਗੀ ਹੋਣ ਕਾਰਨ ਉਹ ਹਾਜ਼ਰ ਨਹੀਂ ਹੋ ਸਕਦੇ। ਤੀਜੀ ਧਿਰ (Varsha Construction Company) ਦਾ ਪਾਰਟਨਰ ਸ੍ਰੀ ਵਨੀਤ ਝਾਂਬ ਨਿੱਜੀ ਤੌਰ ਤੇ ਇਸ ਮਿਤੀ ਨੂੰ ਹਲਕਾ ਦਫਤਰ ਹਾਜ਼ਰ ਨਹੀਂ ਹੋਇਆ। ਪ੍ਰਾਰਥੀ ਨੂੰ ਮੁੜ ਸੁਣਿਆ ਗਿਆ ਅਤੇ ਉਸ ਨੇ ਸਹਿਮਤੀ ਪ੍ਰਗਟਾਈ ਕੀ ਉਸ ਨੂੰ ਤੀਜੀ ਧਿਰ ਨਾਲ ਸਬੰਧਿਤ ਸੂਚਨਾਂ ਛੱਡ ਕੇ ਬਾਕੀ ਸੂਚਨਾਂ ਦਿਵਾਉਣ ਦੇ ਹੁਕਮ ਦਿੱਤੇ ਜਾਣ।

ਪ੍ਰਾਰਥੀ ਦੀ ਸਹਿਮਤੀ ਅਨੁਸਾਰ ਪੀ.ਆਈ.ਓ ਕਮ-ਕਾਰਜਕਾਰੀ ਇੰਜੀਨੀਅਰ, ਜਲ ਨਿਕਾਸ ਉਸਾਰੀ ਮੰਡਲ, ਫਿਰੋਜ਼ਪੁਰ ਐਟ ਫਾਜ਼ਿਲਕਾ ਮੰਡਲ ਨੂੰ ਇਹ ਆਦੇਸ਼ ਦਿੱਤੇ ਜਾਂਦੇ ਹਨ ਕਿ ਪ੍ਰਾਰਥੀ ਵੱਲੋਂ ਆਰ.ਟੀ.ਆਈ ਐਕਟ 2005 ਅਧੀਨ ਮੰਗੀ ਗਈ ਸੂਚਨਾਂ ਤੀਜੀ ਧਿਰ (Varsha Construction Company) ਦੇ ਪਾਰਟਨਰ ਸ੍ਰੀ ਵਨੀਤ ਝਾਂਬ ਨਾਲ ਸਬੰਧਿਤ ਸੂਚਨਾਂ ਜਾਂ ਅਰਜੀ ਵਿੱਚ ਦਰਸਾਈਆ ਗਈਆਂ, ਹੋਰ ਏਜੰਸੀਜ਼ ਜੋ ਸ੍ਰੀ ਵਨੀਤ ਝਾਂਬ ਨਾਲ ਸਿੱਧੇ ਤੌਰ ਤੇ ਸਬੰਧਿਤ ਹੈ ਜੋ ਆਰ.ਟੀ.ਆਈ ਐਕਟ ਦੀ ਧਾਰਾ 8(i)(d) & (g) ਅਧੀਨ ਨਹੀਂ ਦਿੱਤੀ ਜਾਣੀ ਬਣਦੀ ਨੂੰ ਛੱਡ ਕੇ ਬਾਕੀ ਮੰਗੀ ਗਈ ਸੂਚਨਾਂ ਇੱਕ ਹਫਤੇ ਦੇ ਅੰਦਰ-ਅੰਦਰ ਪ੍ਰਾਰਥੀ ਨੂੰ ਦੇ ਕੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ ਅਤੇ ਇਸ ਅਪੀਲ ਨੂੰ ਡਿਸਪੋਜ ਆਫ ਕੀਤਾ ਜਾਂਦਾ ਹੈ।

14573
2 8 SEP 2018
ਚੰਡੀਗੜ੍ਹ।

ਫਸਟ ਅਪੀਲੈਂਟ ਅਥਾਰਟੀ ਕਮ,
ਨਿਗਰਾਨ ਇੰਜੀਨੀਅਰ,
ਜਲ ਨਿਕਾਸ ਉਸਾਰੀ ਹਲਕਾ,
ਫਿਰੋਜ਼ਪੁਰ।

ਨੰਬਰ 3486-89/2 ਆਰ/ਆਰ.ਟੀ.ਆਈ /ਵਰਕਸ ਮਿਤੀ 21/9/2018

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਇਸ ਦਫਤਰ ਦਾ ਪੱਤਰ ਨੰਬਰ 3382-85/2 ਆਰ/ਆਰ.ਟੀ.ਆਈ/ਵਰਕਸ ਮਿਤੀ 11-9-18 ਦੀ ਲਗਾਤਾਰਤਾ ਵਿੱਚ ਭੇਜਿਆ ਜਾਂਦਾ ਹੈ:-

1. ਪੀ.ਆਈ.ਓ. ਕਮ ਕਾਰਜਕਾਰੀ ਇੰਜੀਨੀਅਰ, ਜਲ ਨਿਕਾਸ ਉਸਾਰੀ ਮੰਡਲ, ਫਿਰੋਜ਼ਪੁਰ ਐਟ ਫਾਜ਼ਿਲਕਾ ਨੂੰ ਉਕਤ ਹੁਕਮਾਂ ਦੀ ਪਾਲਣਾ ਹਿੱਤ ਭੇਜਿਆ ਜਾਂਦਾ ਹੈ।
2. ਸ੍ਰੀ ਗੁਰਮੀਤ ਸਿੰਘ ਪੁੱਤਰ ਸ੍ਰੀ ਲਾਲ ਸਿੰਘ ਵਾਸੀ ਪਿੰਡ ਕਿੱਕਰ ਖੇੜਾ ਤਹਿ: ਅਬੋਹਰ, ਜਿਲ੍ਹਾ ਫਾਜ਼ਿਲਕਾ ਨੂੰ ਸੂਚਨਾਂ ਹਿੱਤ ਹੈ।
3. Varsha Construction Company, Behind Water Works, Jain Nagar Road, Abohar, Punjab ਨੂੰ ਸੂਚਨਾਂ ਹਿੱਤ ਹੈ।
4. ਕਾਰਜਕਾਰੀ ਇੰਜੀਨੀਅਰ/ਕੰਪਿਊਟਰ ਸੈਲ, ਜਲ ਸਰੋਤ ਵਿਭਾਗ ਪੰਜਾਬ, ਚੰਡੀਗੜ੍ਹ ਜੀ ਨੂੰ ਸੂਚਨਾਂ ਹਿੱਤ ਹੈ।

Comp. Cell

ਫਸਟ ਅਪੀਲੈਂਟ ਅਥਾਰਟੀ ਕਮ,
ਨਿਗਰਾਨ ਇੰਜੀਨੀਅਰ,
ਜਲ ਨਿਕਾਸ ਉਸਾਰੀ ਹਲਕਾ,
ਫਿਰੋਜ਼ਪੁਰ।